# ਪਬਲਿਕ ਨੋਟਿਸ

ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਿਵਲ ਰਿਟ ਪਟੀਸ਼ਨ ਨੰ: 185 ਆਫ 2014 ਵਿੱਚ ਮਾਨਯੋਗ ਹਾਈ ਕੋਰਟ ਵਿੱਚ ਅੰਡਰਟੇਕਿੰਗ ਦਿੱਤੀ ਗਈ ਹੈ ਕਿ ਮਾਸਟਰ ਕਾਡਰ ਦੀ ਵਿਸ਼ਾ ਵਾਰ ਸੀਨੀਆਰਤਾ ਸੂਚੀ ਨੂੰ ਖਤਮ ਕਰ ਕੇ ਮੇਲ ਅਤੇ ਫੀਮੇਲ ਦੀ ਸਾਰੇ ਵਿਸ਼ਿਆਂ ਦੀ ਸਾਂਝੀ ਸੀਨੀਆਰਤਾ ਸੂਚੀ ਤਿਆਰ ਕੀਤੀ ਜਾਵੇਗੀ । ਇਸ ਮੰਤਵ ਲਈ ਦਫਤਰ, ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:), ਪੰਜਾਬ ਵਿੱਚ ਉਪਲਬਧ ਸਮੂਹ ਮਾਸਟਰਾਂ/ਮਿਸਟ੍ਰੈਸਾਂ ਦੇ ਰਿਕਾਰਡ ਅਨੁਸਾਰ ਨਾਲ ਨੱਥੀ ਲਿਸਟ ਤਿਆਰ ਕੀਤੀ ਗਈ ਹੈ । ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਕੰਮ ਕਰਦੇ ਮਾਸਟਰਾਂ/ਮਿਸਟ੍ਰੈਸਾਂ ਦੇ ਨਾਂ ਅੱਗੇ ਉਨ੍ਹਾਂ ਦੇ ਵੇਰਵੇ ਮੁਕੰਮਲ ਕਰਵਾਏ ਜਾਣ । ਇਸ ਸੂਚੀ ਵਿੱਚ ਉਨ੍ਹਾਂ ਮਾਸਟਰਾਂ ਦੇ ਨਾਂ ਵੀ ਸ਼ਾਮਲ ਹਨ ਜੋ ਕਿ ਸਾਲ 2008 ਤੋਂ ਹੁਣ ਤੱਕ ਬਤੌਰ ਲੈਕਚਰਾਰ ਜਾਂ ਹੈਡ ਮਾਸਟਰ/ਹੈਡ ਮਿਸਟ੍ਰੈਸ ਪਦ ਉਨਤ ਹੋ ਚੁੱਕੇ ਹਨ ਇਸ ਲਈ ਉਨ੍ਹਾਂ ਦੇ ਵੇਰਵੇ ਵੀ ਮੁਕੰਮਲ ਕਰਵਾਏ ਜਾਣ । ਸੂਚੀ ਜਿਸ ਪ੍ਰੋਫਾਰਮੇ ਵਿੱਚ ਹੈ ਉਸੇ ਨੂੰ ਕਾਪੀ ਕਰਕੇ ਇਸ ਵਿੱਚ ਵੇਰਵੇ ਭਰੇ ਜਾਣ ਅਤੇ ਇਸ ਪ੍ਰੋਫਾਰਮੇ ਵਿੱਚ ਫੌਂਟ ਵਿੱਚ ਆਪਣੇ ਪੱਧਰ ਤੇ ਕੋਈ ਫੇਰ ਬਦਲ ਨਾ ਕੀਤੀ ਜਾਵੇ । ਜਿਨ੍ਹਾਂ ਕਰਮਚਾਰੀਆਂ ਦੇ ਨਾਂ ਨਾਲ ਸਕੂਲ ਦਾ ਨਾਂ ਜਾਂ ਪਿਤਾ ਦਾ ਨਾਂ ਨਹੀਂ ਹੈ ਉਹ ਭਰਿਆ ਜਾਵੇ ਅਤੇ ਸਿੱਧੀ ਭਰਤੀ ਰਾਹੀਂ ਨਿਯੁਕਤ ਹੋਏ ਮਾਸਟਰ/ਮਿਸਟ੍ਰੈਸ ਆਪਣੀ ਮੈਰਿਟ ਜਰੂਰ ਭਰਨ । ਮੈਰਿਟ ਉਹੀ ਭਰੀ ਜਾਵੇ ਜੋ ਸਿਲੈਕਸ਼ਨ ਸੂਚੀ ਵਿੱਚ ਦਰਸਾਈ ਗਈ ਹੈ ਖਾਸ ਕਰ ਸਾਲ 2006 ਵਿੱਚ ਹੋਈ ਭਰਤੀ ਵਿੱਚ ਸਸਸ ਬੋਰਡ ਦੀ ਮੈਰਿਟ ਤਿੰਨ ਡਿਜਿਟ ਅਤੇ ਸੀ.ਡੈਕ. ਦੀ ਮੈਰਿਟ ਦੋ ਡਿਜਿਟ ਵਿੱਚ ਭਰੀ ਜਾਵੇ । ਮੈਰਿਟ ਦਾ ਸਕੈਨਡ ਸਬੂਤ ਵੀ ਨੱਥੀ ਕੀਤਾ ਜਾਵੇ । ਇਸ ਤੋਂ ਇਲਾਵਾ ਵੀ ਜੇਕਰ ਕੋਈ ਵੀ ਖਾਨਾ ਖਾਲੀ ਹੈ ਤਾਂ ਉਸ ਨੂੰ ਮੁਕੰਮਲ ਕਰਨਾ ਸੰਬੰਧਤ ਕਰਮਚਾਰੀ ਅਤੇ ਸਕੂਲ ਮੁਖੀ ਦੀ ਜਿੰਮੇਵਾਰੀ ਹੋਵੇਗੀ । ਜਿਹੜੇ ਖਾਲੀ ਖਾਨੇ ਭਰੇ ਗਏ ਹਨ ਉਨ੍ਹਾਂ ਦਾ ਸਬੂਤ ਸਕੈਨ ਕਰਵਾ ਕੇ ਨਾਲ ਨੱਥੀ ਕੀਤਾ ਜਾਵੇ । ਇੱਕ ਕਰਮਚਾਰੀ ਦੇ ਸਕੈਨਡ ਦਸਤਾਵੇਜਾਂ ਦੀ ਇੱਕ ਹੀ ਪੀ.ਡੀ.ਐਫ. ਫਾਈਲ ਤਿਆਰ ਕੀਤੀ ਜਾਵੇ ਭਾਵ ਹਰ ਦਸਤਾਵੇਜ ਦੀ ਵੱਖਰੀ ਫਾਈਲ ਤਿਆਰ ਨਾ ਕੀਤੀ ਜਾਵੇ ਅਤੇ ਉਸ ਫਾਈਲ ਨੂੰ ਪਛਾਣ ਦੇ ਤੌਰ ਤੇ ਸੰਬੰਧਤ ਕਰਮਚਾਰੀ ਦੇ ਨਾਂ ਅੱਗੇ ਦਿੱਤਾ ਲੜੀ ਨੰਬਰ ਦਿੱਤਾ ਜਾਵੇ । ਜਿਨ੍ਹਾਂ ਮਾਸਟਰਾਂ/ਮਿਸਟ੍ਰੈਸਾਂ ਦੇ ਨਾਂ ਸੂਚੀ ਵਿੱਚ ਸ਼ਾਮਲ ਨਹੀਂ ਹਨ ਉਨ੍ਹਾਂ ਦੀ ਸੂਚਨਾ ਵੀ ਪ੍ਰੋਫਾਰਮੇ ਵਿੱਚ ਭਰੀ ਜਾਵੇ ਅਤੇ ਜਰੂਰੀ ਦਸਤਾਵੇਜ ਸਕੈਨ ਕਰਕੇ ਸਭ ਦੀ ਵੱਖਰੀ ਸਾਫਟ ਫਾਈਲ ਤਿਆਰ ਕੀਤੀ ਜਾਵੇ । ਜਿਹੜੇ ਮਾਸਟਰ/ਮਿਸਟ੍ਰੈਸ ਸਾਲ 2008 ਤੋਂ 2016 ਦੌਰਾਨ ਬਤੌਰ ਹੈਡ ਮਾਸਟਰ/ਹੈਡ ਮਿਸਟ੍ਰੈਸ ਜਾਂ ਲੈਕਚਰਾਰ ਪਦ ਉਨਤ ਹੋ ਚੁੱਕੇ ਹਨ ਉਨ੍ਹਾਂ ਦੇ ਵੇਰਵੇ ਭਰਨਾ ਵੀ ਯਕੀਨੀ ਬਣਾਇਆ ਜਾਵੇ । ਜਿਹੜੇ ਮਾਸਟਰ/ਮਿਸਟ੍ਰੈਸ, ਲੈਕਚਰਾਰ (ਪਦ ਉਨਤ) ਜਾਂ ਹੈਡ ਮਾਸਟਰ/ਹੈਡਮਿਸਟ੍ਰੈਸ (ਪਦ ਉਨਤ) ਆਪਣੀ ਰਿਟਾਇਰਮੈਂਟ, ਡਿਸਮਿਸਲ, ਰੀਮੂਵਲ ਜਾਂ ਮੌਤ ਕਾਰਨ ਭਾਵੇਂ ਅੱਜ ਸੇਵਾ ਵਿੱਚ ਨਹੀਂ ਹਨ, ਉਨ੍ਹਾਂ ਦੇ ਵੇਰਵੇ ਵੀ ਉਸ ਸਕੂਲ ਵੱਲੋਂ ਭਰੇ ਜਾਣਗੇ ਜਿਸ ਸਕੂਲ ਤੋਂ ਉਹ ਰਿਟਾਇਰ, ਡਿਸਮਿਸ ਹੋਏ ਹਨ ਜਾਂ ਉਨ੍ਹਾਂ ਦੀ ਮੌਤ ਹੋਈ ਹੈ । ਸਾਲ 2011 ਵਿੱਚ 7654 ਅਸਾਮੀਆਂ ਅਧੀਨ ਨਿਯੁਕਤ ਜਿਹੜੇ ਕਰਮਚਾਰੀ ਰੈਗੂਲਰ ਨਹੀਂ ਹੋਏ ਹਨ ਉਨ੍ਹਾਂ ਦੇ ਨਾਂ ਅੱਗੇ ਇਹ ਤੱਥ ਮੈਨਸ਼ਨ ਕੀਤਾ ਜਾਵੇ । ਹਰ ਸਕੂਲ ਆਪਣੇ ਸਟਾਫ ਨਾਲ ਸੰਬੰਧਤ ਸਾਰੀ ਸੂਚਨਾ, ਜਿਹੜੇ ਲੜੀ ਨੰਬਰ ਤੇ ਕਰਮਚਾਰੀ ਦਾ ਨਾਂ ਹੈ ਉਸ ਅਨੁਸਾਰ ਹੀ , ਸਾਫਟ ਕਾਪੀ ਦੇ ਰੂਪ ਵਿੱਚ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਭੇਜੇਗਾ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਇਹ ਸੂਚਨਾ ਕੰਪਾਈਲ ਕੀਤੀ ਜਾਵੇਗੀ । ਜਿਹੜੇ ਕਰਮਚਾਰੀਆਂ ਦੇ ਨਾਂ ਨਾਲ ਨੱਥੀ ਸੂਚੀ ਵਿੱਚ ਨਹੀਂ ਹਨ ਅਤੇ ਉਨ੍ਹਾਂ ਦਾ ਨਵਾਂ ਇੰਦਰਾਜ ਕੀਤਾ ਗਿਆ ਹੈ, ਉਨ੍ਹਾਂ ਦਾ ਵੱਖਰਾ ਫੋਲਡਰ ਤਿਆਰ ਕੀਤਾ ਜਾਵੇ । ਸਮੂਹ ਜਿਲ੍ਹਾ ਸਿੱਖਿਆ ਅਫਸਰ ਸਾਰੀ ਸੂਚਨਾ ਸੀ.ਡੀ. ਦੇ ਰੂਪ ਵਿੱਚ 2-5-2017 ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ । ਜਿਹੜੇ ਕਰਮਚਾਰੀ ਮਿੱਥੇ ਸਮੇਂ ਅੰਦਰ ਆਪਣੇ ਵੇਰਵੇ ਮੁਕੰਮਲ ਨਹੀਂ ਕਰਾਉਣਗੇ ਉਨ੍ਹਾਂ ਦੇ ਕਲੇਮ ਤੇ ਭਵਿੱਖ ਵਿੱਚ ਵਿਚਾਰ ਨਹੀਂ ਕੀਤਾ ਜਾਵੇਗਾ ।

ਮਿਤੀ, ਸਅਸ ਨਗਰ:17-4-2017

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ